ਦਫਤਰ ਰਿਵਾਈਜ਼ਿੰਗ ਅਥਾਰਟੀ
31-ਭਗਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣਾਂ-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਕਮਰਾ ਨੰ:242-ਈ, ਪਹਿਲੀ ਮੰਜਲ, ਮਿੰਨੀ ਸਕੱਤਰੇਤ, ਬਠਿੰਡਾ।
email:- erobhuchomandi91@gmail.com

ਜਿੰਮੇਵਾਰ ਬਣੋ, ਵੋਟਰ ਬਣੋ

ਜਿੰਮੇਵਾਰ ਬਣੋ, ਵੋਟਰ ਬਣੋ

ਪੱਤਰ ਨੰ: SGPC ਚੋਣਾਂ-2024/ 156-157

ਮਿਤੀ: 12-12-2024

ਤੁਰੰਤ/ ਸਿਰਫ ਈ.ਮੇਲ/ਵਟਸਐਪ ਰਾਹੀ

ਵਿਖੇ,

ਨਾਇਬ ਤਹਿਸੀਲਦਾਰ, ਗੋਨਿਆਣਾ,
ਨਾਇਬ ਤਹਿਸੀਲਦਾਰ, ਭਗਤਾ ਭਾਈਕਾ।

ਵਿਸ਼ਾ:- **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਲਈ ਪਟਵਾਰੀ ਅਤੇ ਬੀ.ਐਲ.ਓਜ਼ ਨਾਲ ਮੀਟਿੰਗ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਨਵੇ ਬੋਰਡ ਦੇ ਗਠਨ ਲਈ ਮਿਤੀ 21-10-2023 ਤੋਂ ਵੋਟਰ ਸੂਚੀਆਂ ਦੀ ਤਿਆਰੀ ਸਬੰਧੀ ਕੰਮ ਪ੍ਰਗਤੀ ਅਧੀਨ ਹੈ। ਆਪ ਵੱਲੋ ਜੋ ਵੋਟਾਂ ਬਣਾਉਣ ਲਈ ਫਾਰਮ ਇਸ ਦਫਤਰ ਵਿਖੇ ਜਮ੍ਹਾਂ ਕਰਵਾਏ ਗਏ ਸਨ ਉਨ੍ਹਾਂ ਵਿੱਚ ਵੋਟਰ ਦਾ ਮਕਾਨ ਨੰਬਰ ਨਹੀ ਲਿਖਿਆ ਗਿਆ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਨਾਲ ਨੱਥੀ ਲਿਸਟ ਵਿੱਚ ਦਰਜ ਪਿੰਡਾਂ ਦੇ **ਪਟਵਾਰੀ ਸਾਹਿਬਾਨ ਅਤੇ ਬੀ.ਐਲ.ਓ. ਸਾਹਿਬਾਨ** ਨੂੰ ਮਿਤੀ 13-12-2024 ਨੂੰ ਸਵੇਰੇ 10:00 ਵਜੇ ਇਸ ਦਫਤਰ ਦੇ ਕਮਰਾ ਨੰ: 220, ਪਹਿਲੀ ਮੰਜਲ, ਮਿੰਨੀ ਸਕੱਤਰੇਤ, ਬਠਿੰਡਾ ਵਿਖੇ ਹਾਜਰ ਹੋਣ ਲਈ ਪਾਬੰਦ ਕੀਤਾ ਜਾਵੇ ਤਾਂ ਜੋ ਵੋਟਰ ਲਿਸਟ ਦਰੁਸਤ ਕਰਕੇ ਉੱਚ ਦਫਤਰ ਨੂੰ ਭੇਜੀ ਜਾ ਸਕੇ।

**<u>ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।</u>**

ਨੱਥੀ/- ਲਿਸਟ।

ਵਾ. ਰਿਵਾਈਜ਼ਿੰਗ ਅਥਾਰਟੀ,
31-ਭਗਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣਾਂ-ਕਮ- ਸਕੱਤਰ,
ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ।

ਪਿੱਠ ਅੰਕਣ ਨੰ: 158-161

ਮਿਤੀ 12-12-2024

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ:-

1. ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।
2. ਚੋਣਕਾਰ ਰਜਿਸ਼ਟਰੇਸ਼ਨ ਅਫਸਰ-090-ਰਾਮਪੁਰਾ ਫੂਲ, ਵਿਧਾਨ ਸਭਾ ਹਲਕਾ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਅਧੀਨ ਕੰਮ ਕਰਦੇ ਬੀ.ਐਲ.ਓ ਨੂੰ ਮਿਤੀ 13-12-2024 ਨੂੰ ਸਵੇਰੇ 10:00 ਵਜੇ ਇਸ ਦਫਤਰ ਵਿਖੇ ਹਾਜਰ ਹੋਣ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਜੀ।
3. ਸਮੂਹ ਵਿਭਾਗਾਂ ਦੇ ਮੁੱਖੀ, ਬਠਿੰਡਾ ਅਤੇ ਜਿਲ੍ਹਾ ਸਿੱਖਿਆ ਅਫਸਰ (**ਸੈਕੰਡਰੀ ਅਤੇ ਐਲੀਮੈਂਟਰੀ**) ਬਠਿੰਡਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਆਉਂਦੇ ਕਰਮਚਾਰੀ ਜਿਨ੍ਹਾਂ ਦੀ ਡਿਊਟੀ ਨੱਥੀ ਲਿਸਟ ਅਨੁਸਾਰ ਬਤੌਰ BLO ਲੱਗੀ ਹੋਈ ਹੈ ਉਨ੍ਹਾਂ ਨੂੰ ਮਿਤੀ 13-12-2024 ਨੂੰ ਸਵੇਰੇ 10:00 ਵਜੇ ਮਿੱਥੇ ਸਥਾਨ ਉਪਰ ਹਾਜਰ ਹੋਣ ਲਈ ਦਫਤਰੀ/ਸਕੂਲ ਤੋਂ ਛੋਟ ਦਿੱਤੀ ਜਾਵੇ ਤੇ ਬੀ.ਐਲ.ਓ ਡਿਊਟੀ ਲਈ ਪਾਬੰਦ ਕੀਤਾ ਜਾਵੇ। (ਨੱਥੀ/- ਲਿਸਟ)
4. ਸਬੰਧਤ ਪਟਵਾਰੀ/ ਬੀ.ਐਲ.ਓਜ ਨੂੰ ਲਿਖਿਆ ਜਾਂਦਾ ਹੈ ਕਿ ਮਿਥੇ ਸਥਾਨ ਮਿਟਿੰਗ ਵਿੱਚ ਸਮੇ ਸਿਰ ਹਾਜਰ ਹੋਣਾ ਯਕੀਨੀ ਬਣਾਇਆ ਜਾਵੇ। ਜੇਕਰ ਕੋਈ ਕਰਮਚਾਰੀ ਗੈਰ ਹਾਜਰ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਅਨੁਸਾਸ਼ਨੀ ਕਾਰਵਾਈ ਕਰਨ ਲਈ ਉੱਚ ਦਫਤਰ ਨੂੰ ਲਿੱਖ ਦਿੱਤਾ ਜਾਵੇਗਾ।

ਵਾ. ਰਿਵਾਈਜ਼ਿੰਗ ਅਥਾਰਟੀ,
31-ਭਗਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣਾਂ-ਕਮ- ਸਕੱਤਰ,
ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਬਠਿੰਡਾ
ਪਿੱਠ ਅੰਕਣ ਨੰ: ਸੀ-ਪ/1/2024/6228 ਮਿਤੀ: 12.12.24
ਉਪਰੋਕਤ ਦਾ ਉਤਾਰਾ, ਸਬੰਧਤ ਸਕੂਲ ਮੁਖੀਆਂ ਨੂੰ, ਭੇਜ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਨੂੰ ਫਾਰਗ ਕਰਕੇ ਡਿਊਟੀ ਲਈ ਪਾਬੰਦ ਕੀਤਾ ਜਾਵੇ।

ਉਪ-ਜਿਲ੍ਹਾ ਸਿੱਖਿਆ ਅਫਸਰ(ਸੈ) ਬਠਿੰਡਾ